# Personal Information Consent Form
# ਨਿੱਜੀ ਜਾਣਕਾਰੀ ਆਗਿਆ ਫਾਰਮ

ਡੈਲਟਾ ਸਕੂਲ ਡਿਸਟਰਿਕਟ ਵਿੱਚ ਅਸੀਂ ਆਪਣੇ ਵਿਦਿਆਰਥੀਆਂ ਅਤੇ ਸਟਾਫ ਦੀਆਂ ਪ੍ਰਾਪਤੀਆਂ ਦਾ ਜਸ਼ਨ ਮਨਾਉਂਦੇ ਹਾਂ। ਅਜਿਹਾ ਕਰਦੇ ਹੋਏ, ਵਿਦਿਅਕ ਉਪਰਾਲਿਆਂ ਅਤੇ ਘਟਨਾਵਾਂ ਨੂੰ ਯਾਦ ਰੱਖਣ ਅਤੇ ਉਹਨਾਂ ਦਾ ਪਾਸਾਰ ਕਰਨ ਲਈ ਸਟਾਫ ਜਾਂ ਮੀਡੀਆ ਵੱਲੋਂ ਵਿਦਿਆਰਥੀਆਂ ਦੀਆਂ ਤਸਵੀਰਾਂ/ਵੀਡੀਓ ਬਣਾਈਆਂ ਜਾ ਸਕਦੀਆਂ ਹਨ। ਇਹਨਾਂ ਤਸਵੀਰਾਂ/ਵਿਡੀਓਜ਼ ਦੀ ਵਰਤੋਂ ਵਿਦਿਆਰਥੀਆਂ ਦੀ ਪ੍ਰਾਪਤੀ ਨੂੰ ਮਾਨਤਾ ਦੇਣ ਅਤੇ ਉਤਸ਼ਾਹਿਤ ਕਰਨ, ਸਕੂਲ ਦੇ ਭਾਈਚਾਰੇ ਦੀ ਉਸਾਰੀ ਕਰਨ ਅਤੇ ਹੋਰ ਲੋਕਾਂ ਨੂੰ ਸਕੂਲ ਡਿਸਟਰਿਕਟ ਅਤੇ ਇਸਦੇ ਪ੍ਰੋਗਰਾਮਾਂ ਅਤੇ ਗਤੀਵਿਧੀਆਂ ਬਾਰੇ ਜਾਣਕਾਰੀ ਦੇਣ ਲਈ ਕੀਤੀ ਜਾਂਦੀ ਹੈ। *ਬੀਸੀ ਫਰੀਡਮ ਆਫ ਇਨਫਰੇਸ਼ਨ ਐਂਡ ਪ੍ਰੋਟੈਕਸ਼ਨ ਆਫ ਪਰਾਈਵੇਸੀ ਐਕਟ* ਦੇ ਤਹਿਤ, ਸਕੂਲ ਡਿਸਟਰਿਕਟ ਨੰ: 37 ਦੇ ਬੋਰਡ ਆਫ ਐਜੂਕੇਸ਼ਨ ਨੂੰ ਤੁਹਾਡੀ ਮਨਜ਼ੂਰੀ ਦੀ ਲੋੜ ਹੈ ਤਾਂ ਜੋ ਵਿਦਿਆਰਥੀਆਂ ਅਤੇ ਵਿਦਿਆਰਥੀਆਂ ਦੇ ਗਰੁੱਪਾਂ ਦੀਆਂ ਤਸਵੀਰਾਂ, ਵਿਡੀਓ ਅਤੇ/ਜਾਂ ਨਾਵਾਂ ਨੂੰ ਇਕੱਤਰ ਕੀਤਾ ਅਤੇ ਸਾਂਭਿਆ ਜਾ ਸਕੇ ਅਤੇ ਵਿਦਿਅਕ ਮਨੋਰਥਾਂ ਲਈ ਉਹਨਾਂ ਦੀ ਵਰਤੋਂ ਵੱਖ ਵੱਖ ਤਰਾਂ ਦੀ ਛਪਣ ਸਮੱਗਰੀ ਅਤੇ ਸਕੂਲ ਡਿਸਟਰਿਕਟ ਦੀ ਵੈੱਬਸਾਈਟ (ਵੈੱਬਸਾਈਟਾਂ) ਤੇ ਕੀਤੀ ਜਾ ਸਕੇ।

ਵਿਦਿਆਰਥੀਆਂ ਦੇ ਨਾਂ* ਅਤੇ/ਜਾਂ ਤਸਵੀਰਾਂ ਦੀ ਵਰਤੋਂ ਇਹਨਾਂ ਕੰਮਾਂ ਲਈ ਕੀਤੀ ਜਾ ਸਕਦੀ ਹੈ:

- ਸਕੂਲ ਅਤੇ ਸਕੂਲ ਡਿਸਟਰਿਕਟ ਦੇ ਸੰਚਾਰ ਸਾਧਨ, ਜਿਵੇਂ ਕਿ ਨਿਉਜ਼ਲੈਟਰ, ਕਿਤਾਬਚੇ ਅਤੇ ਰਿਪੋਰਟਾਂ:
- ਸਕੂਲ ਅਤੇ ਸਕੂਲ ਡਿਸਟਰਿਕਟ ਦੀਆਂ ਵੈੱਬਸਾਈਟਾਂ ਅਤੇ ਸੋਸ਼ਲ ਮੀਡੀਆ ਸਾਈਟਾਂ ਜਿਵੇਂ ਕਿ ਵਿਮੀਓ, ਟਵਿਟਰ, ਬਲੌਗ, ਫੇਸਬੁੱਕ ਪੇਜ, ਯੂਟਿਊਬ ਅਤੇ ਹੋਰ ਸਕੂਲ/ਡਿਸਟਰਿਕਟ ਸੋਸ਼ਲ ਮੀਡੀਆ ਮੰਚ (ਕ੍ਰਿਪਾ ਕਰਕੇ ਧਿਆਨ ਦੇਵੋ: ਇੰਟਰਨੈੱਟ ਤੇ ਪੋਸਟ ਕੀਤੀਆਂ ਤਸਵੀਰਾਂ ਦੀ ਵਰਤੋਂ ਕੈਨੇਡਾ ਤੋਂ ਬਾਹਰ ਹੋ ਸਕਦੀ ਹੈ);
- ਬਾਹਰੀ ਮੀਡੀਆ ਸੰਚਾਰ ਸਾਧਨ, ਜਿਵੇਂ ਕਿ ਅਖਬਾਰ ਜਾਂ ਟੈਲੀਵਿਜ਼ਨ ਦੀਆਂ ਤਸਵੀਰਾਂ, ਵਿਡੀਓ ਟੇਪ ਅਤੇ/ਜਾਂ ਇੰਟਰਵਿਊਆਂ;
- ਕੇਵਲ ਵਿਦਿਅਕ ਵਰਤੋਂ ਲਈ ਵੀਡੀਓ, ਸੀਡੀ, ਡੀਵੀਡੀ।

*ਵਿਦਿਆਰਥੀਆਂ ਦੇ ਪੂਰੇ ਨਾਵਾਂ ਦੀ ਵਰਤੋਂ ਕੇਵਲ ਇਨਾਮ ਮਿਲਣ ਦੀ ਹਾਲਤ ਵਿੱਚ ਕੀਤੀ ਜਾ ਸਕਦੀ ਹੈ ਜਿੱਥੇ ਵਿਦਿਆਰਥੀ ਦੀ ਨਿੱਜੀ ਪਛਾਣ ਦੱਸਣੀ ਉਸਦੇ ਹਿੱਤ ਵਿੱਚ ਹੁੰਦਾ ਹੈ। ਇਸਤੋਂ ਇਲਾਵਾ, ਕੇਵਲ ਪਹਿਲੇ ਨਾਂ ਦੀ ਵਰਤੋਂ ਕੀਤੀ ਜਾਂਦੀ ਹੈ ਜਾਂ ਕੋਈ ਵੀ ਨਾਂ ਨਹੀਂ ਦੱਸਿਆ ਜਾਂਦਾ, ਖਾਸ ਕਰਕੇ ਔਨਲਾਈਨ ਜਾਣਕਾਰੀ ਦੇਣ ਸਮੇਂ।

ਕ੍ਰਿਪਾ ਕਰਕੇ ਧਿਆਨ ਦੇਵੋ: ਸਕੂਲ ਅਤੇ ਡਿਸਟਰਿਕਟ ਦਾ ਸਟਾਫ ਨਿਊਜ਼ ਮੀਡੀਏ, ਮੀਡੀਏ ਜਾਂ ਹੋਰ ਲੋਕਾਂ ਵੱਲੋਂ ਲਈਆਂ ਤਸਵੀਰਾਂ/ਵਿਡੀਓਜ਼ ਤੇ ਕਾਬੂ ਨਹੀਂ ਰੱਖ ਸਕਦੇ। ਇਹ ਤਸਵੀਰਾਂ/ਵਿਡੀਓਜ਼ ਜਨਤਕ ਥਾਵਾਂ ਤੇ ਬਣਾਈਆਂ ਹੋ ਸਕਦੀਆਂ ਹਨ (ਜਿਵੇਂ ਕਿ ਫੀਲਡ ਟਰਿੱਪ ਜਾਂ ਸਕੂਲ ਤੋਂ ਬਾਹਰ ਦੇ ਗਰਾਊਂਡ) ਜਾਂ ਸਕੂਲ ਦੇ ਅਜੇਹੇ ਸਮਾਗਮ ਜਿਹੜੇ ਲੋਕਾਂ ਲਈ ਖੁੱਲ੍ਹੇ ਹਨ ਜਿਵੇਂ ਕਿ ਖੇਡਾਂ ਦੇ ਪ੍ਰੋਗਰਾਮ, ਵਿਦਿਆਰਥੀਆਂ ਦੀਆਂ ਪੇਸ਼ਕਾਰੀਆਂ, ਸਕੂਲ ਬੋਰਡ ਦੀਆਂ ਮੀਟਿੰਗਾਂ ਆਦਿ। ਇਹਨਾਂ ਨੂੰ ਜਨਤਕ ਸਮਾਗਮ ਸਮਝਿਆ ਜਾਂਦਾ ਹੈ। ਕ੍ਰਿਪਾ ਕਰਕੇ ਪੇਰੈਂਟ ਕੁਨੈਕਟ ਤੇ ਉਪਲਬਧ ਆਊਟਸਾਈਡ ਮੀਡੀਆ ਇਨ ਸਕੂਲਜ਼ ਨੋਟਿਸ ਨੂੰ ਵੀ ਪੜ੍ਹੋ।

**ਇੱਕ ਵਾਰ ਜਦੋਂ ਤੁਸੀਂ ਇਹ ਆਗਿਆ ਫਾਰਮ ਪੜ੍ਹ ਲਿਆ ਹੈ ਤਾਂ ਕ੍ਰਿਪਾ ਕਰਕੇ ਪੇਰੈਂਟ ਕੁਨੈਕਟ ਤੇ ਚੈੱਕ ਬਾਕਸਾਂ ਰਾਹੀਂ ਆਪਣੀ ਆਗਿਆ ਬਾਰੇ ਦੱਸੋ।** ਇਹ ਆਗਿਆ ਤੁਰੰਤ ਲਾਗੂ ਹੋ ਜਾਂਦੀ ਹੈ ਅਤੇ ਅਗਲੇ ਸਕੂਲ ਵਰ੍ਹੇ ਦੇ ਬਾਕੀ ਰਹਿੰਦੇ ਸਮੇਂ ਲਈ 30 ਸਤੰਬਰ ਤੱਕ ਜਾਰੀ ਰਹਿੰਦੀ ਹੈ। ਇਸ ਆਗਿਆ ਨੂੰ ਕਿਸੇ ਵੀ ਸਮੇਂ ਲਿਖਤੀ ਤੌਰ ਤੇ ਵਾਪਸ

ਲਿਆ ਜਾ ਸਕਦਾ ਹੈ ਪਰ ਆਗਿਆ ਵਾਪਸ ਲੈਣ ਨਾਲ ਸਕੂਲ ਜਾਂ ਡਿਸਟਰਿਕਟ ਵੱਲੋਂ ਕਿਸੇ ਵੀ ਪਹਿਲਾਂ ਛਪੀ ਸਮੱਗਰੀ ਨੂੰ ਵਾਪਸ ਲੈਣ ਲਈ ਕੋਈ ਵੀ ਕਾਰਵਾਈ ਕਰਨੀ ਜ਼ਰੂਰੀ ਨਹੀਂ ਹੁੰਦੀ।

ਜੇਕਰ ਇਸ ਆਗਿਆ ਜਾਂ ਵਿਦਿਆਰਥੀ ਦੀ ਨਿੱਜੀ ਜਾਣਕਾਰੀ ਲੈਣ ਬਾਰੇ ਤੁਹਾਡੇ ਕੋਈ ਸਵਾਲ ਹਨ ਤਾਂ ਤੁਸੀਂ ਹੇਠ ਦੱਸੇ ਵਿਅਕਤੀ ਨਾਲ ਸੰਪਰਕ ਕਰ ਸਕਦੇ ਹੋ: ਡੈਨੇਕਾ ਮਿਸ਼ਾਉਡ, ਮੈਨੇਜਰ ਆਫ ਕਮਿਉਨੀਕੇਸ਼ਨਜ਼, 604-952-5397,

(Director of Communications, 604-952-5397, communications@deltaschools.ca)